# ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਅਤੇ ਮੌਰੀਸ਼ਸ ਦੇ ਪ੍ਰਧਾਨ ਮੰਤਰੀ ਨੇ ਸਾਂਝੇ ਤੌਰ 'ਤੇ ਮਾਰੀਸ਼ਸ ਦੇ ਅਗਾਲੇਗਾ ਟਾਪੂ ਵਿਖੇ ਨਵੀਂ ਹਵਾਈ ਪੱਟੀ ਅਤੇ ਇੱਕ ਜੇਟੀ ਦਾ ਉਦਘਾਟਨ ਕੀਤਾ

ਫਰਵਰੀ 29, 2024

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਅਤੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਪ੍ਰਵਿੰਦ ਜੁਗਨਾਥ ਨੇ ਅੱਜ ਵੀਡੀਓ ਕਾਨਫਰੰਸਿੰਗ ਰਾਹੀਂ ਮਾਰੀਸ਼ਸ ਦੇ ਅਗਾਲੇਗਾ ਟਾਪੂ ਵਿਖੇ ਛੇ ਕਮਿਊਨਿਟੀ ਵਿਕਾਸ ਪ੍ਰੋਜੈਕਟਾਂ ਦੇ ਨਾਲ ਨਵੀਂ ਹਵਾਈ ਪੱਟੀ ਅਤੇ ਸੇਂਟ ਜੇਮਜ਼ ਜੇਟੀ ਦਾ ਸਾਂਝੇ ਤੌਰ 'ਤੇ ਉਦਘਾਟਨ ਕੀਤਾ। ਇਨ੍ਹਾਂ ਪ੍ਰੋਜੈਕਟਾਂ ਦਾ ਇਹ ਉਦਘਾਟਨ, ਭਾਰਤ ਅਤੇ ਮਾਰੀਸ਼ਸ ਵਿਚਕਾਰ ਦਹਾਕਿਆਂ ਪੁਰਾਣੀ ਵਿਕਾਸ ਸਾਂਝੇਦਾਰੀ ਦਾ ਪ੍ਰਮਾਣ ਹੈ ਅਤੇ ਇਹ ਮੁੱਖ ਭੂਮੀ ਮਾਰੀਸ਼ਸ ਅਤੇ ਅਗਾਲੇਗਾ ਵਿਚਕਾਰ ਬਿਹਤਰ ਸੰਪਰਕ ਦੀ ਮੰਗ ਨੂੰ ਪੂਰਾ ਕਰੇਗਾ, ਸਮੁੰਦਰੀ ਸੁਰੱਖਿਆ ਨੂੰ ਮਜ਼ਬੂਤ ਕਰੇਗਾ ਅਤੇ ਸਮਾਜਿਕ-ਆਰਥਿਕ ਵਿਕਾਸ ਨੂੰ ਵਾਧਾ ਦੇਵੇਗਾ। ਇਹਨਾਂ ਪ੍ਰੋਜੈਕਟਾਂ ਦਾ ਉਦਘਾਟਨ ਮਹੱਤਵਪੂਰਨ ਹੈ ਕਿਉਂਕਿ ਇਹ 12 ਫਰਵਰੀ 2024 ਨੂੰ ਦੋਵੇਂ ਨੇਤਾਵਾਂ ਦੁਆਰਾ, ਮਾਰੀਸ਼ਸ ਵਿੱਚ ਹਾਲ ਹੀ ਵਿੱਚ, ਯੂ.ਪੀ.ਆਈ. ਅਤੇ ਰੂਪੇ ਕਾਰਡ ਸੇਵਾਵਾਂ ਦੀ ਕੀਤੀ ਗਈ ਸ਼ੁਰੂਆਤ ਤੋਂ ਬਾਅਦ ਹੋਇਆ ਹੈ।

ਮਾਰੀਸ਼ਸ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਪ੍ਰਵਿੰਦ ਜੁਗਨਾਥ ਨੇ ਕਿਹਾ ਕਿ ਭਾਰਤ ਅਤੇ ਮਾਰੀਸ਼ਸ ਅੱਜ, ਮਾਰੀਸ਼ਸ ਦੇ ਅਗਾਲੇਗਾ ਟਾਪੂ ਵਿਖੇ ਨਵੀਂ ਹਵਾਈ ਪੱਟੀ ਅਤੇ ਸੇਂਟ ਜੇਮਜ਼ ਜੇਟੀ ਸਮੇਤ ਛੇ ਭਾਈਚਾਰਕ ਵਿਕਾਸ ਪ੍ਰੋਜੈਕਟਾਂ ਦੇ ਸਾਂਝੇ ਉਦਘਾਟਨ ਦੁਆਰਾ ਇਤਿਹਾਸ ਰਚ ਰਹੇ ਹਨ। ਇਸ ਸਮਾਗਮ ਨੂੰ ਦੋਵੇਂ ਮੁਲਕਾਂ ਦਰਮਿਆਨ ਮਿਸਾਲੀ ਸਾਂਝੇਦਾਰੀ ਦਾ ਪ੍ਰਤੀਕ ਕਰਾਰ ਦਿੰਦੇ ਹੋਏ ਪ੍ਰਧਾਨ ਮੰਤਰੀ ਜੁਗਨਾਥ ਨੇ ਮਾਰੀਸ਼ਸ-ਭਾਰਤ ਸਬੰਧਾਂ ਨੂੰ ਨਵਾਂ ਆਯਾਮ ਦੇਣ ਵਾਸਤੇ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕੀਤਾ ਅਤੇ ਅੱਜ ਹਾਜ਼ਰ ਹੋਣ ਲਈ ਸ਼ੁਕਰਗੁਜ਼ਾਰੀ ਵੀ ਪ੍ਰਗਟ ਕੀਤੀ। ਪ੍ਰਧਾਨ ਮੰਤਰੀ ਜੁਗਨਾਥ ਨੇ ਕਿਹਾ, "ਅਗਾਲੇਗਾ ਵਿੱਚ ਨਵੀਂ ਹਵਾਈ ਪੱਟੀ ਅਤੇ ਜੇਟੀ ਸਹੂਲਤ ਦੀ ਸਥਾਪਨਾ ਇੱਕ ਹੋਰ ਮੌਰੀਸ਼ੀਅਨ ਸੁਪਨੇ ਦੀ ਪੂਰਤੀ ਹੈ", ਅਤੇ ਨਾਲ ਹੀ ਉਨ੍ਹਾਂ ਨੇ ਪ੍ਰੋਜੈਕਟ ਨੂੰ ਵਿੱਤੀ ਤੌਰ ਤੇ ਪੂਰੀ ਤਰ੍ਹਾਂ ਫੰਡ ਕਰਨ ਵਾਸਤੇ ਭਾਰਤ ਦੇ ਯੋਗਦਾਨ ਦੀ ਤਾਰੀਫ ਕੀਤੀ। ਉਨ੍ਹਾਂ ਨੇ ਸਰਕਾਰ ਅਤੇ ਮਾਰੀਸ਼ਸ ਦੇ ਲੋਕਾਂ ਦੀ ਤਰਫ ਤੋਂ ਪ੍ਰਧਾਨ ਮੰਤਰੀ ਮੋਦੀ ਦਾ ਭਾਰਤ ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਟਾਪੂ ਰਾਸ਼ਟਰ ਵੱਲ ਵਿਸ਼ੇਸ਼ ਧਿਆਨ ਦੇਣ ਵਾਸਤੇ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਦੀ ਦੁਨੀਆਂ ਭਰ ਵਿੱਚ ਮਜ਼ਬੂਤ ਲੀਡਰਸ਼ਿਪ ਅਤੇ ਰਾਜਨੀਤਿਕਤਾ ਦੀ ਸ਼ਲਾਘਾ ਕੀਤੀ ਅਤੇ ਰੇਖਾਂਕਿਤ ਕੀਤਾ ਕਿ ਭਾਰਤੀ ਡਾਇਸਪੋਰਾ ਨੇ ਆਪਣੇ ਆਪ ਨੂੰ ਮੁੱਲਾਂ, ਗਿਆਨ ਅਤੇ ਸਫਲਤਾ ਦੇ ਇੱਕ ਵਿਸ਼ਵ ਸ਼ਕਤੀ ਘਰ ਵਜੋਂ ਸਥਾਪਿਤ ਕੀਤਾ ਹੈ। ਉਨ੍ਹਾਂ ਨੇ ਦੱਸਿਆ ਕਿ ਮਾਰੀਸ਼ਸ 'ਜਨ ਔਸ਼ਧੀ ਯੋਜਨਾ' ਨੂੰ ਅਪਣਾਉਣ ਵਾਲਾ ਪਹਿਲਾ ਦੇਸ਼ ਬਣ ਗਿਆ ਹੈ ਜੋ ਭਾਰਤ ਦੇ ਫਾਰਮਾਸਿਊਟੀਕਲ ਅਤੇ ਮੈਡੀਕਲ ਡਿਵਾਈਸ ਬਿਊਰੋ ਤੋਂ ਲਗਭਗ 250 ਉੱਚ-ਗੁਣਵੱਤਾ ਵਾਲੀਆਂ ਦਵਾਈਆਂ ਦੀ ਖਰੀਦ ਦੀ ਇਜਾਜ਼ਤ ਦਿੰਦਾ ਹੈ, ਜਿਸ ਨਾਲ ਮਾਰੀਸ਼ਸ ਦੇ ਲੋਕਾਂ ਨੂੰ ਵੱਡੇ ਪੱਧਰ 'ਤੇ ਲਾਭ ਪ੍ਰਾਪਤ ਹੁੰਦਾ ਹੈ ਅਤੇ ਦੋਵੇਂ ਮੁਲਕਾਂ ਵਿਚਕਾਰ ਸਾਂਝੇਦਾਰੀ ਨੂੰ ਹੋਰ ਗਤੀ ਮਿਲਦੀ ਹੈ। ਪ੍ਰਧਾਨ ਮੰਤਰੀ ਜੁਗਨਾਥ ਨੇ ਮਾਰੀਸ਼ਸ ਵਿੱਚ ਅਜਿਹੇ ਵੱਡੇ ਪਰਿਵਰਤਨਕਾਰੀ ਪ੍ਰੋਜੈਕਟਾਂ, ਜਿਹੜੇ ਵਿਕਾਸ ਦੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਨਾਲ-ਨਾਲ ਸਮੁੰਦਰੀ

ਨਿਗਰਾਨੀ ਅਤੇ ਸੁਰੱਖਿਆ ਵਿੱਚ ਯੋਗਤਾ ਅਤੇ ਸਮਰੱਥਾਵਾਂ ਵਿੱਚ ਮਹੱਤਵਪੂਰਨ ਵਾਧਾ ਕਰਨਗੇ, ਨੂੰ ਸਾਕਾਰ ਕਰਨ ਵਿੱਚ ਮਦਦ ਕਰਨ ਵਾਸਤੇ, ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕਰਦੇ ਹੋਏ ਆਪਣੇ ਸੰਬੋਧਨ ਦੀ ਸਮਾਪਤੀ ਕੀਤੀ।

ਇਸ ਮੌਕੇ 'ਤੇ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਪ੍ਰਵਿੰਦ ਜੁਗਨਾਥ ਨਾਲ ਪਿਛਲੇ 6 ਮਹੀਨਿਆਂ ਵਿੱਚ ਇਹ ਉਨ੍ਹਾਂ ਦੀ 5ਵੀਂ ਮੁਲਾਕਾਤ ਹੈ, ਜੋ ਭਾਰਤ ਅਤੇ ਮਾਰੀਸ਼ਸ ਵਿਚਕਾਰ ਇੱਕ ਜੀਵੰਤ, ਮਜ਼ਬੂਤ ਅਤੇ ਵਿਲੱਖਣ ਸਾਂਝੇਦਾਰੀ ਦਾ ਸਬੂਤ ਹੈ। ਉਨ੍ਹਾਂ ਨੇ ਕਿਹਾ ਕਿ ਮਾਰੀਸ਼ਸ ਭਾਰਤ ਦੀ 'ਗੁਆਂਢੀ ਪਹਿਲਾਂ ਦੀ ਨਿਤੀ' ਹੇਠਾਂ ਇੱਕ ਮੁੱਖ ਸਾਂਝੀਦਾਰ ਹੈ ਅਤੇ ਵਿਜ਼ਨ ਸਾਗਰ ਦੇ ਤਹਿਤ ਇੱਕ ਖਾਸ ਭਾਈਵਾਲ ਹੈ। ਪ੍ਰਧਾਨ ਮੰਤਰੀ ਨੇ ਕਿਹਾ, "ਗਲੋਬਲ ਸਾਊਥ ਦੇ ਮੈਂਬਰ ਹੋਣ ਦੇ ਨਾਤੇ, ਸਾਡੀਆਂ ਸਾਂਝੀਆਂ ਤਰਜੀਹਾਂ ਹਨ ਅਤੇ ਪਿਛਲੇ 10 ਸਾਲਾਂ ਵਿੱਚ ਦੋਵੇਂ ਮੁਲਕਾਂ ਦੇ ਸਬੰਧਾਂ ਵਿੱਚ ਬੇਮਿਸਾਲ ਗਤੀ ਵੇਖੀ ਗਈ ਹੈ ਅਤੇ ਆਪਸੀ ਸਹਿਯੋਗ ਦੀਆਂ ਨਵੀਆਂ ਉਚਾਈਆਂ ਪ੍ਰਾਪਤ ਕੀਤੀਆਂ ਗਈਆਂ ਹਨ"। ਪੁਰਾਣੀ ਭਾਸ਼ਾ ਅਤੇ ਸੱਭਿਆਚਾਰਕ ਸਬੰਧਾਂ ਨੂੰ ਛੋਹਦੇ ਹੋਏ, ਪ੍ਰਧਾਨ ਮੰਤਰੀ ਨੇ ਯੂ.ਪੀ.ਆਈ. ਅਤੇ ਰੁਪੇ ਕਾਰਡ ਬਾਰੇ ਗੱਲ ਕੀਤੀ ਜਿਨ੍ਹਾਂ ਨੇ ਸਬੰਧਾਂ ਨੂੰ ਆਧੁਨਿਕ ਡਿਜੀਟਲ ਕਨੈਕਟੀਵਿਟੀ ਪ੍ਰਦਾਨ ਕੀਤੀ ਹੈ।

ਪ੍ਰਧਾਨ ਮੰਤਰੀ ਨੇ ਰੇਖਾਂਕਿਤ ਕੀਤਾ ਕਿ ਵਿਕਾਸ ਸਾਂਝੇਦਾਰੀਆਂ ਦੋਵੇਂ ਮੁਲਕਾਂ ਦੇ ਦਰਮਿਆਨ ਸਿਆਸੀ ਭਾਈਵਾਲੀ ਦੇ ਆਧਾਰ ਥੰਮ੍ਹ ਹਨ ਅਤੇ ਭਾਰਤ ਦੁਆਰਾ ਕੀਤੇ ਗਏ ਵਿਕਾਸ ਸਬੰਧੀ ਯੋਗਦਾਨ ਮਾਰੀਸ਼ਸ ਦੀਆਂ ਤਰਜੀਹਾਂ, ਭਾਵੇਂ ਇਹ ਈ.ਈ.ਜ਼ੈੱਡ. ਦੀ ਸੁਰੱਖਿਆ ਹੋਵੇ ਜਾਂ ਸਿਹਤ ਸੁਰੱਖਿਆ, 'ਤੇ ਆਧਾਰਿਤ ਹਨ। ਭਾਵੇਂ ਕੋਵਿਡ ਮਹਾਂਮਾਰੀ ਹੋਵੇ ਜਾਂ ਤੇਲ ਫੈਲਣਾ, ਪ੍ਰਧਾਨ ਮੰਤਰੀ ਨੇ ਟਾਪੂ ਦੇਸ਼ ਵਾਸਤੇ ਭਾਰਤ ਦੇ ਲੰਬੇ ਸਮੇਂ ਤੋਂ ਸਮਰਥਨ ਨੂੰ ਉਜਾਗਰ ਕਰਦੇ ਹੋਏ ਕਿਹਾ, “ਭਾਰਤ ਨੇ ਹਮੇਸ਼ਾ ਮਾਰੀਸ਼ਸ ਦੀਆਂ ਜ਼ਰੂਰਤਾਂ ਦਾ ਸਤਿਕਾਰ ਕੀਤਾ ਹੈ ਅਤੇ ਪਹਿਲੇ ਜਵਾਬਦੇਹ ਵਜੋਂ ਅੱਗੇ ਆਇਆ ਹੈ”। ਉਨ੍ਹਾਂ ਨੇ ਕਿਹਾ ਕਿ ਭਾਰਤ ਦਾ ਮੁੱਖ ਉਦੇਸ਼ ਮਾਰੀਸ਼ਸ ਦੇ ਲੋਕਾਂ ਵਾਸਤੇ ਇੱਕ ਸਕਾਰਾਤਮਕ ਬਦਲਾਅ ਲੈਕੇ ਆਉਣਾ ਹੈ। ਪ੍ਰਧਾਨ ਮੰਤਰੀ ਨੇ ਦੱਸਿਆ ਕਿ ਭਾਰਤ ਨੇ ਪਿਛਲੇ 10 ਸਾਲਾਂ ਵਿੱਚ, ਮਾਰੀਸ਼ਸ ਦੇ ਲੋਕਾਂ ਵਾਸਤੇ 1,000 ਮਿਲੀਅਨ ਅਮਰੀਕੀ ਡਾਲਰ ਦੀ ਕ੍ਰੈਡਿਟ ਲਾਈਨ ਦੇ ਨਾਲ-ਨਾਲ 400 ਮਿਲੀਅਨ ਅਮਰੀਕੀ ਡਾਲਰ ਦੀ ਸਹਾਇਤਾ ਪ੍ਰਦਾਨ ਕੀਤੀ ਹੈ। ਉਨ੍ਹਾਂ ਨੇ ਟਿੱਪਣੀ ਕੀਤੀ ਕਿ ਭਾਰਤ ਭਾਗਸ਼ਾਲੀ ਰਿਹਾ ਹੈ ਜੋ ਇਸਨੇ ਮਾਰੀਸ਼ਸ ਵਿੱਚ ਮੈਟਰੋ ਰੇਲ ਲਾਈਨਾਂ, ਭਾਈਚਾਰਕ ਵਿਕਾਸ ਪ੍ਰੋਜੈਕਟਾਂ, ਸਮਾਜਿਕ ਰਿਹਾਇਸ਼, ਈ.ਐਨ.ਟੀ. ਹਸਪਤਾਲ, ਸਿਵਲ ਸਰਵਿਸ ਕਾਲਜ ਅਤੇ ਖੇਡ ਕੰਪਲੈਕਸਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਯੋਗਦਾਨ ਪਾਇਆ।

ਪ੍ਰਧਾਨ ਮੰਤਰੀ ਨੇ ਖੁਸ਼ੀ ਜ਼ਾਹਰ ਕੀਤੀ ਕਿ ਉਹ ਆਗਾਲੇਗਾ ਦੇ ਲੋਕਾਂ ਨਾਲ ਆਪਣਾ ਵਾਅਦਾ ਪੂਰਾ ਕਰ ਸਕੇ ਜੋ ਉਨ੍ਹਾਂ ਨੇ 2015 ਵਿੱਚ ਕੀਤਾ ਸੀ। ਪ੍ਰਧਾਨ ਮੰਤਰੀ ਨੇ ਕਿਹਾ, "ਅੱਜਕਲ, ਭਾਰਤ ਵਿੱਚ ਇਸ ਨੂੰ ਮੋਦੀ ਕੀ ਗਰੰਟੀ ਕਿਹਾ ਜਾ ਰਿਹਾ ਹੈ। ਇਹ ਸਹੂਲਤਾਂ, ਜਿਨ੍ਹਾਂ ਦਾ ਅੱਜ ਸਾਂਝੇ ਤੌਰ ਤੇ ਉਦਘਾਟਨ ਹੋਇਆ ਹੈ, ਲੋਕਾਂ ਦੇ ਜੀਵਨ ਜੀਣ ਨੂੰ ਹੋਰ ਸਰਲ ਬਣਾਉਣਗੀਆਂ।" ਇਸਦੇ ਨਾਲ ਮਾਰੀਸ਼ਸ ਦੇ ਉੱਤਰ ਅਤੇ ਦੱਖਣ ਹਿੱਸੇ ਵਿੱਚਕਾਰ ਸੰਚਾਰ ਵਿੱਚ  ਬਿਹਤਰੀ ਹੋਵੇਗੀ ਅਤੇ ਮੁੱਖ-ਭੂਮੀ ਨਾਲ ਪ੍ਰਸ਼ਾਸਕੀ ਸਬੰਧਾਂ ਵਿੱਚ ਸੁਧਾਰ ਹੋਵੇਗਾ। ਉਨ੍ਹਾਂ ਨੇ ਕਿਹਾ, ਮੈਡੀਕਲ ਨਿਕਾਸੀ ਅਤੇ ਸਕੂਲ ਦੇ ਬੱਚਿਆਂ ਦੀ ਆਵਾਜਾਈ ਬਿਹਤਰ ਹੋਵੇਗੀ।

ਹਿੰਦ ਮਹਾਸਾਗਰ ਇਲਾਕੇ ਵਿੱਚ ਰਵਾਇਤੀ ਅਤੇ ਗੈਰ-ਰਵਾਇਤੀ ਚੁਣੌਤੀਆਂ, ਜੋ ਕਿ ਦੋਵੇਂ ਮੁਲਕਾਂ ਦੀਆਂ ਅਰਥਵਿਵਸਥਾਵਾਂ ਨੂੰ ਪ੍ਰਭਾਵਤ ਕਰਦੀਆਂ ਹਨ, ਦਾ ਜ਼ਿਕਰ ਕਰਦੇ ਹੋਏ, ਪੀ.ਐਮ. ਮੋਦੀ ਨੇ ਕਿਹਾ ਕਿ ਭਾਰਤ ਅਤੇ ਮਾਰੀਸ਼ਸ ਇਨ੍ਹਾਂ ਚੁਣੌਤੀਆਂ ਨਾਲ ਨਜਿੱਠਣ ਲਈ ਸਮੁੰਦਰੀ ਸੁਰੱਖਿਆ ਵਿੱਚ ਕੁਦਰਤੀ ਸਾਂਝੀਦਾਰ ਹਨ। ਭਾਰਤ ਦੇ ਪ੍ਰਧਾਨ ਮੰਤਰੀ ਨੇ ਅੱਗੇ ਕਿਹਾ, "ਅਸੀਂ ਹਿੰਦ ਮਹਾਸਾਗਰ ਖੇਤਰ ਵਿੱਚ ਸੁਰੱਖਿਆ, ਖੁਸ਼ਹਾਲੀ ਅਤੇ ਸਥਿਰਤਾ ਨੂੰ ਯਕੀਨੀ ਬਣਾਉਣ ਵਾਸਤੇ ਸਰਗਰਮੀ ਨਾਲ ਕੰਮ ਕਰ ਰਹੇ ਹਾਂ। ਅਸੀਂ ਵਿਸ਼ੇਸ਼ ਆਰਥਿਕ ਜ਼ੋਨ ਦੀ ਨਿਗਰਾਨੀ, ਸਾਂਝੀ ਗਸ਼ਤ, ਹਾਈਡ੍ਰੋਗ੍ਰਾਫੀ, ਅਤੇ ਮਾਨਵਤਾਵਾਦੀ ਸਹਾਇਤਾ ਅਤੇ ਆਫ਼ਤ ਰਾਹਤ ਵਰਗੇ ਸਾਰੇ ਖੇਤਰਾਂ ਵਿੱਚ ਸਹਿਯੋਗ ਕਰ ਰਹੇ ਹਾਂ"। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਅਗਾਲੇਗਾ ਵਿਖੇ ਹਵਾਈ ਪੱਟੀ ਅਤੇ ਜੇਟੀ ਦਾ ਅੱਜ ਉਦਘਾਟਨ ਦੋਵੇਂ ਮੁਲਕਾਂ ਵਿੱਚਕਾਰ ਸਹਿਯੋਗ ਨੂੰ ਹੋਰ ਅੱਗੇ ਵਧਾਏਗਾ ਅਤੇ ਮਾਰੀਸ਼ਸ ਦੀ ਸਮੁੰਦਰੀ ਆਰਥਿਕਤਾ ਨੂੰ ਵੀ ਮਜ਼ਬੂਤ ਕਰੇਗਾ।

ਮਾਰੀਸ਼ਸ ਵਿੱਚ ਜਨ ਔਸ਼ਧੀ ਕੇਂਦਰਾਂ ਦੀ ਸਥਾਪਣਾ ਕਰਨ ਦੇ ਪ੍ਰਧਾਨ ਮੰਤਰੀ ਜੁਗਨਾਥ ਦੇ ਫੈਸਲੇ ਦੀ ਸ਼ਲਾਘਾ ਕਰਦੇ ਹੋਏ, ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸਦੇ ਨਾਲ ਮਾਰੀਸ਼ਸ, ਭਾਰਤ ਦੀ ਜਨ ਔਸ਼ਧੀ ਪਹਿਲਕਦਮੀ ਵਿੱਚ ਸ਼ਾਮਲ ਹੋਣ ਵਾਲਾ ਪਹਿਲਾ ਮੁਲਕ ਬਣ ਗਿਆ ਹੈ ਜਿਸਦੇ ਤਹਿਤ ਬਿਹਤਰ ਗੁਣਵੱਤਾ ਵਾਲੀਆਂ, ਭਾਰਤ ਵਿੱਚ ਨਿਰਮਿਤ, ਜੈਨਰਿਕ ਦਵਾਈਆਂ ਮੁਹੱਈਆ ਕਰਵਾ ਕੇ ਮਾਰੀਸ਼ਸ ਦੇ ਲੋਕਾਂ ਨੂੰ ਲਾਭ ਪ੍ਰਾਪਤ ਹੋਵੇਗਾ।

ਸੰਬੋਧਨ ਨੂੰ ਖਤਮ ਕਰਦਿਆਂ, ਪ੍ਰਧਾਨ ਮੰਤਰੀ ਨੇ ਆਪਣੇ ਮੌਰੀਸ਼ੀਅਨ ਹਮਰੁਤਬਾ ਨੂੰ ਉਨ੍ਹਾਂ ਦੀ ਦੂਰਦਰਸ਼ੀ ਦ੍ਰਿਸ਼ਟੀ ਅਤੇ ਗਤੀਸ਼ੀਲ ਅਗਵਾਈ ਲਈ ਵਧਾਈ ਦਿੱਤੀ। ਉਨ੍ਹਾਂ ਨੇ ਭਰੋਸਾ ਪ੍ਰਗਟ ਕੀਤਾ ਕਿ ਭਾਰਤ ਅਤੇ ਮਾਰੀਸ਼ਸ ਸਬੰਧ ਆਉਣ ਵਾਲੇ ਸਮੇਂ ਵਿੱਚ ਨਵੀਆਂ ਉਚਾਈਆਂ ਹਾਸਲ ਕਰਨਗੇ।

**ਨਵੀਂ ਦਿੱਲੀ**

**ਫ਼ਰਵਰੀ 29, 2024**